Punjab Government Gazette

Published by Authority

No.34] CHANDIGARH, FRIDAY, AUGUST 22, 2025 (SRAVANA 31, 1947 SAKA)

PART I

Punjab Government Notifications and Orders

ਪੰਜਾਬ ਸਰਕਾਰ

ਮਾਲ ਤੇ ਪੁਨਰਵਾਸ ਵਿਭਾਗ

ਵਿੱਤੀ ਕਮਿਸ਼ਨਰਜ਼ ਸਕੱਤਰੇਤ

(ਪ੍ਰਸ਼ਾਸ਼ਨ-1 ਸ਼ਾਖਾ)

ਅਧਿਸੂਚਨਾ

ਮਿਤੀ 27 ਫਰਵਰੀ, 2024

ਨੰ:14-ਸ(172)92-1.ਪ੍ਰ.1/2486.- ਸ਼੍ਰੀਮਤੀ ਸਵਿਤਾ ਸ਼ਰਮਾ, ਸੁਪਰਡੰਟ ਗਰੇਡ-1, ਵਿੱਤੀ ਕਮਿਸ਼ਨਰਜ ਸਕੱਤਰੇਤ, ਪੰਜਾਬ ਨੇ ਆਪਣੀ ਪ੍ਰਤੀਬੇਨਤੀ ਮਿਤੀ 28.11.2023 ਰਾਹੀਂ ਬੇਨਤੀ ਕੀਤੀ ਸੀ ਕਿ ਉਨ੍ਹਾਂ ਨੂੰ ਕੁੱਝ ਘਰੇਲੂ ਕਾਰਨਾਂ ਕਰਕੇ ਅਤੇ ਉਨ੍ਹਾਂ ਦੀ ਸਿਹਤ ਠੀਕ ਨਾ ਰਹਿਣ ਕਾਰਨ ਸਰਕਾਰੀ ਸੇਵਾ ਨਿਭਾਉਣ ਵਿਚ ਦਿੱਕਤ ਪੇਸ਼ ਆ ਰਹੀ ਹੈ। ਇਸ ਲਈ ਉਨ੍ਹਾਂ ਨੇ ਸਵੈ-ਇੱਛੁਤ ਰਿਟਾਇਰਮੈਂਟ ਲੈਣ ਲਈ ਮਿਤੀ 28.11.2023 ਨੂੰ ਤਿੰਨ ਮਹੀਨੇ ਦਾ ਨੋਟਿਸ ਦਿੱਤਾ ਸੀ।

2. ਸ਼੍ਰੀਮਤੀ ਸਵਿਤਾ ਸ਼ਰਮਾ, ਸੁਪਰਡੰਟ ਗਰੇਡ-1, ਨੇ ਇਸ ਸਕੱਤਰੇਤ ਵਿੱਚ ਮਿਤੀ 15.09.1992 (ਪੂ.ਦੁ.) ਨੂੰ ਬਤੌਰ ਕਲਰਕ ਸੇਵਾ ਜੁਆਇੰਨ ਕੀਤੀ ਸੀ। ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮਾਂਵਲੀ, 1975 ਦੇ ਨਿਯਮ 3 ਦੇ ਸਬ ਨਿਯਮ 3(ਏ) ਅਨੁਸਾਰ ਕੋਈ ਵੀ ਕਰਮਚਾਰੀ ਜਿਸ ਦੀ ਸੇਵਾ 20 ਸਾਲ ਦੀ ਪੂਰੀ ਹੋ ਗਈ ਹੋਵੇ ਉਹ ਤਿੰਨ ਮਹੀਨੇ ਦਾ ਨੋਟਿਸ ਦੇ ਕੇ ਸਵੈ-ਇੱਛਤ ਸੇਵਾ ਨਿਵਿਰਤੀ ਲੈ ਸਕਦਾ ਹੈ। ਇਸ ਅਧਿਕਾਰੀ ਸਰਕਾਰੀ ਸੇਵਾ 20 ਸਾਲਾਂ ਤੋਂ ਵੱਧ ਹੋ ਚੁੱਕੀ ਹੈ ਅਤੇ ਉਹ ਸਵੈਂ-ਇੱਛੁਤ ਸੇਵਾ ਨਿਵਿਰਤੀ ਦੀਆਂ ਸ਼ਰਤਾਂ ਪੂਰੀਆਂ ਕਰਦੀ ਹੈ।

3. ਸ਼੍ਰੀਮਤੀ ਸਵਿਤਾ ਸ਼ਰਮਾ, ਵਿਰੁੱਧ ਚੌਕਸੀ/ਅਦਾਲਤੀ/ਵਿਭਾਗੀ ਪੜਤਾਲ ਅਤੇ ਸ਼ਿਕਾਇਤ ਆਦਿ ਦਾ ਕੋਈ ਕੇਸ ਲੰਬਿਤ ਨਹੀਂ ਅਤੇ ਨਾ ਹੀ ਇਸ ਅਧਿਕਾਰੀ ਵਿਰੁੱਧ ਕੋਈ ਦੇਣਦਾਰੀ ਬਕਾਇਆ ਹੈ। ਇਸ ਲਈ ਸ਼੍ਰੀਮਤੀ ਸਵਿਤਾ ਸ਼ਰਮਾ, ਸੁਪਰਡੰਟ ਗਰੇਡ-1, ਨੂੰ ਪੰਜਾਬ ਸਿਵਲ ਸੇਵਾਵਾਂ (ਪ੍ਰੀਮੈਚਿਓਰ ਰਿਟਾਇਰਮੈਂਟ) ਨਿਯਮਾਂਵਲੀ, 1975 ਦੇ ਨਿਯਮ 3 ਦੇ ਸਬ ਨਿਯਮ 3(ਏ) ਅਨੁਸਾਰ ਉਨ੍ਹਾਂ ਵੱਲੋਂ ਮਿਤੀ 28.11.2023 ਨੂੰ ਦਿੱਤੇ ਤਿੰਨ ਮਹੀਨੇ ਦੇ ਨੋਟਿਸ ਨੂੰ ਪ੍ਰਵਾਨ ਕਰਦੇ ਹੋਏ ਉਨ੍ਹਾਂ ਨੂੰ ਮਿਤੀ 27.02.2024 (ਬਾਅਦ ਦੁਪਹਿਰ) ਤੋਂ ਸਵੈਂ-ਇੱਛੁਤ ਸੇਵਾ ਨਿਵਿਰਤ ਕੀਤਾ ਜਾਂਦਾ ਹੈ।

ਕੇ.ਏ.ਪੀ. ਸਿਨਹਾ

ਵਿਸ਼ੇਸ ਮੁੱਖ ਸਕੱਤਰ-ਕਮ-

ਵਿੱਤੀ ਕਮਿਸ਼ਨਰ ਮਾਲ, ਪੰਜਾਬ।

3482/8-2025/Pb.Govt.Press, S.A.S. Nagar